# ਵਰਲਡ ਪੰਜਾਬੀ ਟਾਈਮਜ਼

# WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162

ਮਾਸਟਰ ਪਰਮਵੇਦ

Epaper World Punjabi Times — 08 ਜਨਵਰੀ 2026 ਦਿਨ ਵੀਰਵਾਰ — ਈ-ਪੇਪਰ ਵਰਲਡ ਪੰਜਾਬੀ ਟਾਈਮਜ਼

## ਤਰਕਸ਼ੀਲ ਆਗੂ ਸੁਰਿੰਦਰ ਪਾਲ ਉੱਪਲੀ ਦੀ ਜੀਵਨ ਸਾਥਣ ਵਨੀਤਾ ਬਾਂਸਲ ਦੀ ਸੇਵਾ ਮੁਕਤੀ ਮੌਕੇ ਸਕੂਲ ਸਟਾਫ ਤੇ ਜਮਹੂਰੀ ਜਥੇਬੰਦੀਆਂ ਨੇ ਕੀਤਾ ਸਨਮਾਨ

ਵਰਲਡ ਪੰਜਾਬੀ ਟਾਈਮਜ਼ — ਮਾਸਟਰ ਪਰਮਵੇਦ

ਸੰਗਰੂਰ 8 ਜਨਵਰੀ : ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਸੰਗਰੂਰ ਦੇ ਮੁਖੀ ਸੁਰਿੰਦਰ ਪਾਲ ਉਪਲੀ ਦੀ ਜੀਵਨ ਸਾਥਣ ਵਨੀਤਾ ਬਾਂਸਲ ਐਸ ਐਲ ਏ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਉਭਾਵਾਲ ਦੀ ਸੇਵਾ ਮੁਕਤੀ ਮੌਕੇ ਪਹਿਲਾਂ ਸਕੂਲ਼ ਵਿਖੇ ਸਕੂਲ਼ ਸਟਾਫ਼ ਤੇ ਫਿਰ ਸਪੈਂਗਲ ਸਟੋਨ ਪੈਲਸ ਵਿੱਚ ਵੱਖ ਵੱਖ ਜਨਤਕ, ਜਮਹੂਰੀ ਜਥੇਬੰਦੀਆਂ ਅਤੇ ਤਰਕਸ਼ੀਲ ਆਗੂਆਂ ਨੇ ਸਨਮਾਨਿਤ ਕੀਤਾ। ਸਕੂਲ ਸਟਾਫ ਨੇ ਸਨਮਾਨਿਤ ਕਰਦਿਆਂ ਕਿਹਾ ਕਿ ਵਨੀਤਾ ਬਾਂਸਲ ਨੇ ਆਪਣੀ 39 ਸਾਲ ਦੀ ਸੇਵਾ ਦੁਰਾਨ ਆਪਣੇ ਵਿਗਿਆਨ ਦੇ ਗਿਆਨ ਤੇ ਕਲਾ ਕੋਸ਼ਲ ਰਾਹੀਂ ਵਿਦਿਆਰਥੀਆਂ ਅੰਦਰ



ਰਚਨਾਤਮਿਕ,ਵਿਗਿਆਨਕ ਸੋਚ ਅਤੇ ਵਾਤਾਵਰਨੀ ਜਾਗਰੂਕਤਾ ਪੈਦਾ ਕੀਤੀ। ਉਨ੍ਹਾਂ ਕਿਹਾ ਉਹ ਸਕੂਲ ਸਟਾਫ ਨਾਲ ਅਤੀ ਸਹਿਯੋਗੀ, ਨਿੱਘੇ ਮਿੱਤਰ ਤੇ ਵਿਦਿਆਰਥੀਆਂ ਨਾਲ ਹਮਦਰਦ ਦੇ ਤੌਰ ਵਿਚਰੇ। ਜਨਤਕ ਸਨਮਾਨ ਸਮਾਗਮ ਵਿੱਚ ਸੁਰਿੰਦਰ ਪਾਲ ਉਪਲੀ ਦੇ ਨੇੜਲੇ ਦੋਸਤ,ਲੇਖਕ ਤੇ ਪੰਜਾਬੀ ਸਾਹਿਤ ਸਭਾ ਨਵੀਂ ਦਿੱਲੀ ਦੇ ਡਾਇਰੈਕਟਰ ਕੇਸਰਾ ਰਾਮ ਨੇ ਵਨੀਤਾ ਬਾਂਸਲ ਦੇ ਪਰਿਵਾਰ ਬਾਰੇ ਜਾਣਕਾਰੀ ਦਿੱਤੀ।ਇਸ ਮੌਕੇ ਜਮਹੂਰੀ ਅਧਿਕਾਰ ਸਭਾ ਦੇ ਜ਼ਿਲ੍ਹਾ ਵਿੱਤ ਸਕੱਤਰ ਤੇ ਤਰਕਸ਼ੀਲ ਮੈਂਬਰ ਮਨਧੀਰ ਸਿੰਘ, ਤਰਕਸ਼ੀਲ ਆਗੂ ਜੁਝਾਰ ਲੌਂਗੋਵਾਲ, ਸੀਤਾ ਰਾਮ ਬਾਲਦ ਕਲਾਂ, ਗੁਰਦੀਪ ਸਿੰਘ ਲਹਿਰਾ ਗੁਰਜੰਟ ਸਿੰਘ,ਪਰਮਜੀਤ ਕੌਰ ਤੇ ਡੀ ਟੀ ਐਫ਼ ਦੇ ਆਗੂ ਅਤੇ ਦੇਸ਼ ਭਗਤ ਯਾਦਗਾਰ ਲੌਂਗੋਵਾਲ ਦੇ ਪ੍ਰਧਾਨ ਬਲਬੀਰ ਲੌਂਗੋਵਾਲ ਆਦਿ ਨੇ ਜਿੱਥੇ ਪਰਿਵਾਰ ਦੇ ਇਸ ਖੁਸ਼ੀ ਦੇ ਮੌਕੇ ਵਧਾਈ ਦਿੱਤੀ ਉੱਥੇ ਉਨ੍ਹਾਂ ਵੱਲੋਂ ਨਿਗਰ ਸਮਾਜ ਦੀ ਸਥਾਪਨਾ ਲਈ ਕੀਤੇ ਕਾਰਜ਼ ਦੀ ਸ਼ਲਾਘਾ ਕੀਤੀ । ਆਗੂਆਂ ਜਿੱਥੇ ਤਰਕਸ਼ੀਲ ਲਹਿਰ ਵਿੱਚ ਪਰੀਵਾਰ ਦੇ ਯੋਗਦਾਨ ਨੂੰ ਸਲਾਹਿਆ ਉੱਥੇ ਮਨੁੱਖੀ ਅਧਿਕਾਰਾਂ ਦੇ ਕਾਰਕੁਨ ਸਵਰਨਜੀਤ ਸਿੰਘ ਨੇ ਮੌਜੂਦਾ ਦੌਰ ਵਿੱਚ ਸਖ਼ਤ ਚਣੌਤੀਆਂ ਦੇ ਦੌਰ ਵਿੱਚ ਸੁਰਿੰਦਰਪਾਲ ਉੱਪਲੀ ਅਤੇ ਵਨੀਤਾ ਬਾਂਸਲ ਵੱਲੋਂ ਪਾਏ ਯੋਗਦਾਨ ਨੂੰ ਸਮੁੱਚੀ ਮਨੁੱਖਤਾ ਲਈ ਇੱਕ ਘਾਲਣਾ ਦੇ ਰੂਪ ਦੱਸਿਆ। ਆਗੂਆਂ ਕਿਹਾ ਕਿ ਬੇਹੱਦ ਹਲੀਮੀ ਵਿੱਚ ਪ੍ਰੋਏ,ਆਪਣੀ ਇਮਾਨਦਾਰੀ ਅਤੇ ਸੱਚੀ ਸੁੱਚੀ ਕਿਰਤ ਦੀ ਕਮਾਈ ਵਿਚੋਂ ਹਮੇਸ਼ਾਂ ਹੀ ਵਿਗਿਆਨਿਕ, ਤਰਕਸ਼ੀਲ ਵਿਚਾਰਧਾਰਾ, ਮਨੁੱਖੀ ਅਧਿਕਾਰਾਂ ਦੀ ਰਾਖੀ ਦੇ ਪ੍ਰਚਾਰ ਅਤੇ ਪ੍ਰਸਾਰ ਤੋਂ ਇਲਾਵਾ ਲੋਕ ਪੱਖੀ ਕਾਰਜਾਂ ਲਈ ਹਮੇਸ਼ਾ ਮਦਦ ਕਰਨਾ ਓਹਨਾਂ ਦੇ ਸੁਭਾਅ ਵਿੱਚ ਸ਼ਾਮਿਲ ਹੋਣਾ, ਉਨ੍ਹਾਂ ਨੂੰ ਸਮਾਜ ਵਿੱਚ ਲੋਕ ਪੱਖੀ ਥਾਂ ਵਿੱਚ ਸ਼ਾਮਿਲ ਕਰਦਾ ਹੈ।ਇਸ ਮੌਕੇ ਵੱਖ ਵੱਖ ਜੱਥੇਬੰਦੀਆਂ ਦੇ ਆਗੂਆਂ, ਕਾਰਕੁਨਾਂ, ਡਾਕਟਰ ਕੇ ਜੀ ਸਿੰਗਲਾ, ਡਾਕਟਰ ਭਗਵਾਨ ਸਿੰਘ, ਉਭਾਵਾਲ ਪ੍ਰਿੰਸੀਪਲ ਬਲਜੀਤ ਕੌਰ , ਉਭਾਵਾਲ ਸਕੂਲ ਸਟਾਫ ਤੇ ਕਾਫੀ ਗਿਣਤੀ ਵਿੱਚ ਸਕੂਲ ਦੇ ਵਿਦਿਆਥੀਆਂ ਦੇ ਮਾਪੇ ਹਾਜ਼ਿਰ ਸਨ। ਵਨੀਤਾ ਬਾਂਸਲ ਤੇ ਸੁਰਿੰਦਰ ਪਾਲ ਵੱਲੋਂ ਸਨਮਾਨ ਕਰਨ ਤੇ ਸਕੂਲ਼ ਸਟਾਫ਼ ਤੇ ਜਥੇਬੰਦੀਆਂ ਦਾ ਦਿਲੀ ਧੰਨਵਾਦ ਕੀਤਾ ਗਿਆ।

## ਗਦਰੀ ਸ਼ਹੀਦ ਰਹਿਮਤ ਅਲੀ ਦੇ ਜੱਦੀ ਪਿੰਡ ਵਜੀਦਕੇ ਕਲਾਂ ਦੇ ਵਾਸੀ ਗੰਦੇ ਪਾਣੀ ਦਾ ਨਿਕਾਸ ਨਾ ਹੋਣ ਕਰਕੇ ਕਰ ਰਹੇ ਨੇ ਮੁਸ਼ਕਿਲਾਂ ਦਾ ਸਾਹਮਣਾ

ਵਰਲਡ ਪੰਜਾਬੀ ਟਾਈਮਜ਼ — ਜਗਮੋਹਨ ਸ਼ਾਹ ਰਾਏਸਰ




ਮਹਿਲ ਕਲਾਂ, 8 ਜਨਵਰੀ : ਗਦਰ ਲਹਿਰ ਦੇ ਅਨਮੋਲ ਹੀਰੇ ਗਦਰੀ ਸ਼ਹੀਦ ਰਹਿਮਤ ਅਲੀ ਵਜੀਦਕੇ ਦੇ ਜੱਦੀ ਪਿੰਡ ਵਜੀਦਕੇ ਕਲਾਂ ਦੇ ਵਾਸੀ ਅਜੇ ਵੀ ਮੁਢਲੀਆਂ ਸਹੂਲਤਾਂ ਤੋਂ ਵਾਂਝੇ ਮੁਸ਼ਕਿਲਾਂ ਦਾ ਸਾਹਮਣਾ ਕਰਨ ਲਈ ਮਜਬੂਰ ਹਨ। ਪਿੰਡ ਦੀ ਪੰਚਾਇਤ ਵਲੋਂ ਡਿਪਟੀ ਕਮਿਸ਼ਨਰ ਬਰਨਾਲਾ ਦੇ ਨਾਂਅ ਭੇਜੇ ਗਏ ਮੰਗ ਪੱਤਰ ਵਿੱਚ ਲਿਖਿਆ ਗਿਆ ਕਿ ਇਹ ਪਿੰਡ ਨੂੰ ਗਦਰੀ ਸੂਰਬੀਰ ਸ਼ਹੀਦ ਰਹਿਮਤ ਅਲੀ ਦੀ ਜਨਮ ਭੂਮੀ ਹੋਣ ਦਾ ਮਾਣ ਪ੍ਰਾਪਤ ਹੈ । ਆਜ਼ਾਦੀ ਤੋਂ ਲੰਬਾ ਸਮਾਂ ਬੀਤ ਜਾਣ ਦੇ ਬਾਵਜੂਦ ਸਮੇਂ ਸਮੇਂ ਦੀਆਂ ਸਰਕਾਰਾਂ ਨੇ ਇਥੋਂ ਦੇ ਵਸਨੀਕ ਲਈ ਮੁੱਢਲੀਆਂ ਸਹੂਲਤਾਂ ਦਾ ਅੱਜ ਤੱਕ ਵੀ ਪ੍ਰਬੰਧ ਨਹੀਂ ਕੀਤਾਂ। ਧਿੰਡ ਦੇ ਸਰਪੰਚ ਸੁਖਵੀਰ ਕੌਰ, ਪੰਚ ਜਗਰਾਜ ਸਿੰਘ, ਪੰਚ ਕੁਲਵਿੰਦਰ ਕੌਰ, ਅਮਰਜੀਤ ਸਿੰਘ ਸਾਬਕਾ ਪੰਚ, ਨਰਿੰਦਰ ਸਿੰਘ ਪੰਚ ਆਦਿ ਨੇ ਦੱਸਿਆ ਕਿ ਲੰਬੇ ਸਮੇਂ ਤੋਂ ਪਿੰਡ ਦੇ ਗੰਦੇ ਪਾਣੀ ਦਾ ਕੋਈ ਨਿਕਾਸ ਨਾ ਹੋਣ ਕਰਕੇ ਗੰਦਾ ਪਾਣੀ ਰਸਤਿਆਂ ਵਿੱਚ ਹੀ ਛੱਪੜ ਦਾ ਰੂਪ ਧਾਰਨ ਕਰਨ ਉਪਰੰਤ ਬੀਮਾਰੀਆਂ ਨੂੰ ਸੱਦਾ ਦੇ ਰਿਹਾ ਹੈ। ਆਗੂਆਂ ਦਾ ਕਹਿਣਾ ਹੈ ਇਸ ਰਸਤੇ ਉਪਰ ਪ੍ਰਾਇਮਰੀ ਸਕੂਲ, ਪੀ ਐਨ ਬੀ ਬੈਂਕ, ਗੁਰਦੁਆਰਾ ਸਾਹਿਬ ਆਉਂਦੇ ਹਨ। ਪਰ ਅਫਸੋਸ ਕਿ ਰਸਤੇ ਵਿੱਚ ਹਰ ਵੇਲੇ ਗੰਦਾ ਪਾਣੀ ਖੜ੍ਹਾ ਰਹਿਣ ਕਰਕੇ ਆਮ ਲੋਕਾਂ, ਖਾਸ ਸਕੂਲ ਜਾਣ ਵੇਲੇ ਵਿਦਿਆਰਥੀਆਂ ਨੂੰ ਭਾਰੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਮੁਹਤਬਰਾਂ ਦਾ ਕਹਿਣਾ ਕਿ ਇਸ ਗੰਭੀਰ ਸਮੱਸਿਆ ਨੂੰ ਲੈ ਕੇ ਕਈ ਵਾਰ ਹਲਕੇ ਦੇ ਆਗੂਆਂ, ਡਿਪਟੀ ਕਮਿਸ਼ਨਰ ਬਰਨਾਲਾ ਨੂੰ ਲਿਖਤੀ ਤੌਰ ਤੇ ਜਾਣੂੰ ਕਰਵਾ ਚੁਕੇ ਹਨ ਪਰ ਕਿਸੇ ਨੇ ਵੀ ਪਿੰਡ ਵਾਸੀਆਂ ਦੀ ਇਸ ਗੰਭੀਰ ਸਮੱਸਿਆ ਵਲ ਧਿਆਨ ਦੇਣ ਦੀ ਲੋੜ ਮਹਿਸੂਸ ਨਹੀ ਕੀਤੀ। ਸਮੂਹ ਨਗਰ ਨਿਵਾਸੀਆਂ, ਗ੍ਰਾਮ ਪੰਚਾਇਤ, ਸ਼ਹੀਦ ਰਹਿਮਤ ਅਲੀ ਵਜੀਦਕੇ ਮੈਮੋਰੀਅਲ ਕਲੱਬ, ਗੁਰਦੁਆਰਾ ਸਾਹਿਬ ਕਮੇਟੀ, ਵੱਖ-ਵੱਖ ਕਿਸਾਨ, ਮਜ਼ਦੂਰ ਜਥੇਬੰਦੀਆਂ ਨੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ, ਹਲਕਾ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਪਾਸੋਂ ਪਿੰਡ ਵਾਸੀਆਂ ਦੀਆਂ ਭਖਦੀਆਂ ਮੰਗਾਂ ਨੂੰ ਪਹਿਲ ਦੇ ਆਧਾਰ ਹੱਲ ਕਰਾਉਣ ਦੀ ਮੰਗ ਕੀਤੀ ਹੈ।

## ਉਮਰ ਖਾਲਿਦ, ਸ਼ਰਜੀਲ ਇਮਾਮ ਨੂੰ ਤੁਰੰਤ ਰਿਹਾਅ ਕਰੇ ਨਿਆਂਪਾਲਿਕਾ – ਤਰਕਸ਼ੀਲ ਸੁਸਾਇਟੀ

### ਬਿਨਾਂ ਦੋਸ਼ ਸਾਲਾਂ ਬੱਧੀ ਜੇਲ੍ਹੀਂ ਡੱਕਣਾ ਮੋਦੀ ਸਰਕਾਰ ਦੀ ਰਾਜਸੀ ਬਦਲਾਖੋਰੀ ਅਤੇ ਹਕੂਮਤੀ ਤਾਨਾਸ਼ਾਹੀ

ਵਰਲਡ ਪੰਜਾਬੀ ਟਾਈਮਜ਼



ਬਰਨਾਲਾ 8 ਜਨਵਰੀ : ਤਰਕਸ਼ੀਲ ਸੁਸਾਇਟੀ ਪੰਜਾਬ ਨੇ ਸੁਪਰੀਮ ਕੋਰਟ ਵੱਲੋਂ ਸਾਬਕਾ ਵਿਦਿਆਰਥੀ ਨੇਤਾ ਉਮਰ ਖ਼ਾਲਿਦ, ਸ਼ਰਜੀਲ ਇਮਾਮ ਦੀ ਜ਼ਮਾਨਤ ਖਾਰਜ ਕਰਨ ਦੇ ਫੈਸਲੇ ਦਾ ਸਖ਼ਤ ਵਿਰੋਧ ਕਰਦਿਆਂ ਭਾਰਤੀ ਨਿਆਂਪਾਲਿਕਾ ਉਤੇ ਦੋਹਰੇ ਮਿਆਰ ਅਪਣਾਉਣ ਅਤੇ ਜਮਹੂਰੀ ਤੇ ਸੰਵਿਧਾਨਕ ਹੱਕਾਂ ਦੀ ਘੋਰ ਅਣਦੇਖੀ ਕਰਨ ਦਾ ਦੋਸ਼ ਲਾਇਆ ਹੈ।

ਤਰਕਸ਼ੀਲ ਸੁਸਾਇਟੀ ਦੇ ਸੂਬਾਈ ਆਗੂਆਂ ਮਾਸਟਰ ਰਾਜਿੰਦਰ ਭਦੌੜ, ਹੇਮ ਰਾਜ ਸਟੈਨੋਂ, ਰਾਜੇਸ਼ ਅਕਲੀਆ,ਜਸਵਿੰਦਰ ਫਗਵਾੜਾ, ਜੋਗਿੰਦਰ ਕੁੱਲੇਵਾਲ ਅਤੇ ਸੁਮੀਤ ਅੰਮ੍ਰਿਤਸਰ ਨੇ ਤਰਕਸ਼ੀਲ ਭਵਨ ਬਰਨਾਲਾ ਤੋਂ ਪ੍ਰੈਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਉਮਰ ਖ਼ਾਲਿਦ, ਸ਼ਰਜੀਲ ਇਮਾਮ ਅਤੇ ਹੋਰਨਾਂ ਸਮਾਜਿਕ ਕਾਰਕੁਨਾਂ ਨੂੰ ਪੱਖਪਾਤੀ ਤੇ ਫਿਰਕੂ ਨਾਗਰਿਕਤਾ ਸੋਧ ਕਾਨੂੰਨ (ਸੀਏਏ) ਦੇ ਖਿਲਾਫ਼ ਜਮਹੂਰੀ ਅੰਦੋਲਨ ਦੇ ਦੌਰਾਨ ਹਿੰਸਾ ਭੜਕਾਉਣ ਦੇ ਝੂਠੇ ਇਲਜ਼ਾਮਾਂ ਵਿੱਚ ਫਸਾਇਆ ਗਿਆ ਹੈ ਅਤੇ ਇਹ ਯੂਏਪੀਏ ਅਤੇ ਹੋਰ ਜਾਬਰ ਕਾਨੂੰਨੀ ਧਾਰਾਵਾਂ ਤਹਿਤ ਉਨ੍ਹਾਂ ਦੀ ਲਗਾਤਾਰ ਜੇਲ੍ਹਬੰਦੀ ਸੱਤਾ ਨੂੰ ਸਵਾਲ ਕਰਨ ਵਾਲੀਆਂ ਅਵਾਜ਼ਾਂ ਨੂੰ ਦਬਾਉਣ ਦੀ ਰਾਜਨੀਤਕ ਬਦਲਾਲਊ ਕਾਰਵਾਈ ਹੈ।

ਤਰਕਸ਼ੀਲ ਆਗੂਆਂ ਨੇ ਦੋਸ਼ ਲਾਇਆ ਕਿ ਉਮਰ ਖ਼ਾਲਿਦ ਸ਼ਰਜੀਲ ਇਮਾਮ ਅਤੇ ਹੋਰ ਕਾਰਕੁਨ 2020 ਤੋਂ ਲੈ ਕੇ ਬਿਨਾ ਜ਼ਮਾਨਤ, ਬਿਨਾਂ ਮੁਕੱਦਮਾ ਚਲਾਏ ਜੇਲ੍ਹਾਂ ਵਿੱਚ ਸੜ ਰਹੇ ਹਨ ਜਦਕਿ ਇਸਦੇ ਉਲਟ ਹਿੰਸਾ ਦੇ ਅਸਲੀ ਦੋਸ਼ੀ ਭਾਜਪਾ ਅਤੇ ਹੋਰ ਭਗਵਾਂ ਆਗੂ ਜਿਨ੍ਹਾਂ ਨੇ ਸ਼ਰੇਆਮ ਫਿਰਕੂ ਨਫ਼ਰਤ ਫੈਲਾਈ, ਹਿੰਦੂਤਵਵਾਦੀ ਸ਼ਾਸਨ ਦੀ ਰਾਜਸੀ ਤੇ ਰਾਜਕੀ ਸਰਪ੍ਰਸਤੀ ਦਾ ਆਨੰਦ ਲੈ ਰਹੇ ਹਨ।

ਉਨ੍ਹਾਂ ਕਿਹਾ ਕਿ ਨਿਆਂਪਾਲਿਕਾਵਾਂ ਨੂੰ ਨਿਆਂ ਪ੍ਰਣਾਲੀ ਦੀ ਭਰੋਸੇਯੋਗਤਾ ਬਰਕਰਾਰ ਰੱਖਣ ਲਈ ਸੰਵਿਧਾਨਿਕ, ਜਮਹੂਰੀ ਅਤੇ ਨਾਗਰਿਕ ਹੱਕਾਂ ਦੀ ਰੱਖਿਆ ਕਰਨੀ ਚਾਹੀਦੀ ਹੈ ਅਤੇ ਕਿਸੇ ਵੀ ਤਰਾਂ ਦੇ ਦਬਾਅ ਹੇਠ ਪੱਖਪਾਤੀ ਫ਼ੈਸਲੇ ਨਹੀਂ ਦੇਣੇ ਚਾਹੀਦੇ।

ਉਨ੍ਹਾਂ ਮੰਗ ਕੀਤੀ ਕਿ ਉਮਰ ਖ਼ਾਲਿਦ ਸ਼ਰਜੀਲ ਇਮਾਮ ਸਹਿਤ ਸਾਰੇ ਜਮਹੂਰੀ ਕਾਰਕੁਨਾਂ ਅਤੇ ਰਾਜਨੀਤਿਕ ਕੈਦੀਆਂ ਨੂੰ ਤੁਰੰਤ ਰਿਹਾ ਕੀਤਾ ਜਾਵੇ ਅਤੇ ਸੱਤਾ ਨਾਲ ਅਸਹਿਮਤ ਆਵਾਜਾਂ ਨੂੰ ਦਬਾਉਣ ਲਈ ਬਣਾਏ ਗਏ ਸਾਰੇ ਝੂਠੇ ਕੇਸ ਤੁਰੰਤ ਰੱਦ ਕੀਤੇ ਜਾਣ।

## ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਅਧੀਨ ਪਿੰਡ ਭਾਣਾ ਤੋਂ ਅੰਮ੍ਰਿਤਸਰ ਲਈ ਬੱਸ ਨੂੰ ਸਪੀਕਰ ਸੰਧਵਾਂ ਨੇ ਦਿੱਤੀ ਹਰੀ ਝੰਡੀ

ਵਰਲਡ ਪੰਜਾਬੀ ਟਾਈਮਜ਼ — ਟਿੰਕੂ ਕੁਮਾਰ



ਕੋਟਕਪੂਰਾ, 8 ਜਨਵਰੀ : ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਅੱਜ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਕੋਟਕਪੂਰਾ ਹਲਕੇ ਦੇ ਪਿੰਡ ਭਾਣਾ ਤੋਂ ਸ਼ਰਧਾਲੂਆਂ ਨੂੰ ਅੰਮ੍ਰਿਤਸਰ ਦੇ ਪਵਿੱਤਰ ਧਾਰਮਿਕ ਅਸਥਾਨਾਂ ਦੇ ਦਰਸ਼ਨਾਂ ਲਈ ਲੈ ਕੇ ਜਾਣ ਵਾਲੀ ਬੱਸ ਨੂੰ ਰਵਾਨਾ ਕੀਤਾ। ਇਸ ਮੌਕੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਕਿ ਪੰਜਾਬ ਸਰਕਾਰ ਲੋਕਾਂ ਦੀ ਧਾਰਮਿਕ ਆਸਥਾ ਦਾ ਸਤਿਕਾਰ ਕਰਦੀ ਹੈ ਅਤੇ ਇਸ ਯੋਜਨਾ ਰਾਹੀਂ ਬੁਜ਼ੁਰਗਾਂ ਤੇ ਆਰਥਿਕ ਤੌਰ ’ਤੇ ਕਮਜ਼ੋਰ ਵਰਗਾਂ ਨੂੰ ਮੁਫ਼ਤ ਤੀਰਥ ਯਾਤਰਾ ਦੀ ਸਹੂਲਤ ਪ੍ਰਦਾਨ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਇਹ ਯੋਜਨਾ ਲੋਕ-ਕਲਿਆਣ ਵੱਲ ਇੱਕ ਮਹੱਤਵਪੂਰਨ ਕਦਮ ਹੈ। ਉਨ੍ਹਾਂ ਦੱਸਿਆ ਕਿ ਯਾਤਰਾ ਦੌਰਾਨ ਸ਼ਰਧਾਲੂਆਂ ਲਈ ਆਵਾਜਾਈ ਸਮੇਤ ਸਾਰੀਆਂ ਮੁੱਢਲੀਆਂ ਸਹੂਲਤਾਂ ਸਰਕਾਰ ਵੱਲੋਂ ਮੁਹੱਈਆ ਕਰਵਾਈਆਂ ਜਾਂਦੀਆਂ ਹਨ, ਤਾਂ ਜੋ ਯਾਤਰੀ ਆਰਾਮਦਾਇਕ ਅਤੇ ਸੁਰੱਖਿਅਤ ਤਰੀਕੇ ਨਾਲ ਆਪਣੀ ਯਾਤਰਾ ਪੂਰੀ ਕਰ ਸਕਣ। ਇਸੇ ਤਰਾਂ ਅੱਜ ਫ਼ਰੀਦਕੋਟ ਹਲਕੇ ਦੇ ਪਿੰਡ ਸਾਧਾਂਵਾਲਾ ਅਤੇ ਜੈਤੋ ਹਲਕੇ ਦੇ ਪਿੰਡ ਪੰਜਗਰਾਈਂ ਤੋਂ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਸ਼ਰਧਾਲੂਆਂ ਦੇ ਜੱਥੇ ਨਾਲ ਅੰਮ੍ਰਿਤਸਰ ਸਾਹਿਬ ਲਈ ਬੱਸਾਂ ਰਵਾਨਾ ਹੋਈਆਂ। ਇਸ ਮੌਕੇ ਬਲਦੇਵ ਸਿੰਘ ਸਰਪੰਚ, ਪਿੰਡ ਦੇ ਵੱਡੀ ਗਿਣਤੀ ਵਿੱਚ ਸ਼ਰਧਾਲੂ, ਪਤਵੰਤੇ ਅਤੇ ਸਥਾਨਕ ਲੋਕ ਹਾਜ਼ਰ ਸਨ, ਜਿਨ੍ਹਾਂ ਨੇ ਇਸ ਲੋਕ-ਹਿਤੈਸ਼ੀ ਯੋਜਨਾ ਲਈ ਪੰਜਾਬ ਸਰਕਾਰ ਦਾ ਧੰਨਵਾਦ ਪ੍ਰਗਟ ਕੀਤਾ।

## ਪੀ ਏ ਯੂ ਨੇ 2026 ਵਿੱਚ ਖੋਜ ਸਿੱਖਿਆ ਅਤੇ ਬੁਨਿਆਦੀ ਢਾਂਚੇ ਲਈ ਕੰਮ ਕਰਨ ਦੀ ਕੀਤੀ ਤਿਆਰੀ

ਵਰਲਡ ਪੰਜਾਬੀ ਟਾਈਮਜ਼




ਲੁਧਿਆਣਾ 8 ਜਨਵਰੀ : ਪੰਜਾਬ ਖੇਤੀਬਾੜੀ ਯੂਨੀਵਰਸਿਟੀ (PAU), ਲੁਧਿਆਣਾ, ਨੇ 2026 ਵਿੱਚ ਖੇਤੀ ਖੇਤਰ ਲਈ ਆਪਣੀ ਖੋਜ, ਸਿੱਖਿਆ ਅਤੇ ਬੁਨਿਆਦੀ ਢਾਂਚੇ ਨੂੰ ਬਹਿਤਰ ਬਣਾਉਣ ਲਈ ਵੱਡੇ ਪੱਧਰ ’ਤੇ ਕੰਮ ਕਰਨ ਦਾ ਐਲਾਨ ਕੀਤਾ ਹੈ। ਯੂਨੀਵਰਸਿਟੀ ਦੇ ਵਾਇਸ-ਚਾਂਸਲਰ ਡਾ. ਸਤਬੀਰ ਸਿੰਘ ਗੋਸਲ ਦੇ ਅਨੁਸਾਰ ਲਾਇਬ੍ਰੇਰੀ ਨੂੰ ਤਕਰੀਬਨ ₹12 ਕਰੋੜ ਦੀ ਲਾਗਤ ਨਾਲ ਅਪਗਰੇਡ ਕੀਤਾ ਜਾਵੇਗਾ ਤਾਂ ਜੋ ਵਿਦਿਆਰਥੀਆਂ ਅਤੇ ਅਧਿਆਪਕਾਂ ਲਈ ਖੋਜ ਅਤੇ ਅਕਾਦਮਿਕ ਸਮਰਥਨ ਹੋਰ ਮਜ਼ਬੂਤ ਹੋ ਸਕੇ। ਸਿੱਖਿਆ ਦੀ ਵਧਦੀ ਹੋਈ ਮੰਗ ਦੇ ਕਾਰਨ ਹੋਸਟਲ ਦੀਆਂ ਸਹੂਲਤਾਂ ਨੂੰ ਵੀ ਵਧਾਇਆ ਜਾ ਰਿਹਾ ਹੈ, ਜਿਸ ਵਿੱਚ ਨਵਾਂ ਹੋਸਟਲ ਅਤੇ ਮੌਜੂਦਾ ਹੋਸਟਲ ਵਿੱਚ ਕਰੀਬ 80 ਹੋਰ ਕਮਰੇ ਸ਼ਾਮਲ ਕੀਤੇ ਜਾਣਗੇ। ਯੂਨੀਵਰਸਿਟੀ ਦੇ ਅੰਦਰੂਨੀ ਸੜਕਾਂ ਨੂੰ ਵੀ ਸੁਧਾਰਿਆ ਅਤੇ ਵਿਸਥਾਰਿਆ ਜਾਵੇਗਾ, ਜਿਵੇਂ ਕਿ ਕਰੀਬ 16 ਕਿਲੋਮੀਟਰ ਸੜਕਾਂ ’ਤੇ ਕੰਮ ਹੋਵੇਗਾ। ਯੂਨੀਵਰਸਿਟੀ ਡਿਜੀਟਲ ਖੇਤੀ, AI (ਆਰਟੀਫੀਸ਼ੀਅਲ ਇੰਟੈਲੀਜੈਂਸ), ਸੋਇਲ ਮੈਪਿੰਗ, ਅਤੇ ਟਿਸ਼ੂ-ਕਲਚਰ ਰਾਹੀਂ 10 ਲੱਖ ਆਲੂ ਦੇ ਬੀਜਾਂ ਦੇ ਉਤਪਾਦਨ ’ਤੇ ਕੰਮ ਕਰ ਰਹੀ ਹੈ।

ਪੋਸਟ ਆਫਿਸ ਦੇ ਨੇੜੇ ਨਵਾਂ ਸੇਲ ਪੁਆਇੰਟ ਬਣਾਇਆ ਜਾ ਰਿਹਾ ਹੈ ਤਾਂ ਜੋ ਯੂਨੀਵਰਸਿਟੀ ਦੇ ਉਤਪਾਦ ਸਿੱਧੇ ਲੋਕਾਂ ਤੱਕ ਪਹੁੰਚ ਸਕਣ।

## ਗੁਰੂ ਰਵਿਦਾਸ ਜੀ ਦੇ ਆਗਮਨ ਪੁਰਬ ਦੀਆਂ ਤਿਆਰੀਆਂ ਸਬੰਧੀ ਮੀਟਿੰਗ ਦੌਰਾਨ ਵਿਚਾਰ ਵਟਾਂਦਰਾ

ਵਰਲਡ ਪੰਜਾਬੀ ਟਾਈਮਜ਼ — ਟਿੰਕੂ ਕੁਮਾਰ



ਕੋਟਕਪੂਰਾ, 8 ਜਨਵਰੀ : ਸ਼੍ਰੋਮਣੀ ਸੰਤ ਸ਼੍ਰੀ ਗੁਰੂ ਰਵਿਦਾਸ ਸਭਾ ਦੀ ਇੱਕ ਅਹਿਮ ਮੀਟਿੰਗ ਮੁੱਖ ਸੇਵਾਦਾਰ ਕੇਵਲ ਸਿੰਘ ਮਾਂਡੀਆ ਦੀ ਪ੍ਰਧਾਨਗੀ ਹੇਠ ਸ਼੍ਰੀ ਗੁਰੂ ਰਵਿਦਾਸ ਮੰਦਰ, ਪ੍ਰੇਮ ਨਗਰ, ਕੋਟਕਪੂਰਾ ਵਿਖੇ ਹੋਈ, ਜਿਸ ਵਿੱਚ ਸ਼੍ਰੋਮਣੀ ਸੰਤ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 649ਵੇਂ ਆਗਮਨ ਪੁਰਬ ਦੀਆਂ ਤਿਆਰੀਆਂ ਦੇ ਸਬੰਧ ਵਿੱਚ ਸਮੂਹ ਰਵਿਦਾਸੀਆ ਭਾਈਚਾਰੇ ਵੱਲੋਂ ਵਿਚਾਰਾਂ ਵਟਾਂਦਰਾ ਕੀਤਾ ਗਿਆ। ਮੁੱਖ ਸੇਵਾਦਾਰ ਕੇਵਲ ਸਿੰਘ ਮਾਂਡੀਆ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਮਿਤੀ 29 ਤੋਂ 30 ਜਨਵਰੀ ਨੂੰ ਪਿਛਲੇ ਨਗਰ ਕੀਰਤਨ ਦੀਆਂ ਵੀਡਿਓ ਸੰਗਤਾਂ ਨੂੰ ਦਿਖਾਈਆਂ ਜਾਣਗੀਆਂ। ਮਿਤੀ 31 ਜਨਵਰੀ ਨੂੰ ਸਵੇਰੇ 10:00 ਵਜੇ ਸ਼੍ਰੀ ਗੁਰੂ ਰਵਿਦਾਸ ਮੰਦਿਰ ਵਿਖੇ ਨਿਸ਼ਾਨ ਸਾਹਿਬ ਦਾ ਚੋਲ੍ਹਾ ਸਾਹਿਬ ਚੜ੍ਹਾਇਆ ਜਾਵੇਗਾ ਅਤੇ ਰਾਤ 9 ਵਜੇ ਤੋਂ 12 ਵਜੇ ਤੱਕ ਕੀਰਤਨ ਦਰਬਾਰ ਸਜਾਇਆ ਜਾਵੇਗਾ, ਇਸ ਦੌਰਾਨ ਬਾਬਾ ਸੇਵਕ ਦਾਸ ਜੀ ਮਾਂਡਵੀ ਵਾਲੇ ਆਪਣੇ ਪ੍ਰਵਚਨਾਂ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ ਅਤੇ ਮਿਤੀ 1 ਫਰਵਰੀ 2026 ਐਤਵਾਰ ਨੂੰ ਮਹਾਰਾਜ ਜੀ ਦਾ ਅਲੌਕਿਕ ਨਗਰ ਕੀਰਤਨ ਸਜਾਇਆ ਜਾਵੇਗਾ, ਨਗਰ ਕੀਰਤਨ ਦਾ ਰੂਟ ਬੱਤੀਆਂ ਵਾਲਾ ਚੌਂਕ, ਗੁਰਦੁਆਰਾ ਬਜ਼ਾਰ, ਹਰੀ ਨੌਂ ਰੋਡ, ਨਿਰਮਾਣਪੁਰਾ ਮੁਹੱਲਾ ਤੋਂ ਸੁਰਗਾਪੁਰੀ, ਦੁਆਰੇਆਣਾ ਰੋਡ ਤੋਂ ਵਾਪਸੀ ਭਗਵਾਨ ਸ਼੍ਰੀ ਵਾਲਮੀਕ ਚੌਂਕ ਤੋਂ ਜਲਾਲੇਆਣਾ ਰੋਡ ਤੋਂ ਫਰੀਦਕੋਟ ਰੋਡ, ਡਾ. ਬੀ.ਆਰ. ਅੰਬੇਡਕਰ ਲਾਇਬ੍ਰੇਰੀ ਤੋਂ ਵਾਪਿਸ ਸ਼੍ਰੀ ਗੁਰੂ ਰਵਿਦਾਸ ਮੰਦਰ ਪ੍ਰੇਮ ਨਗਰ ਵਿਖੇ ਸਮਾਪਤੀ ਹੋਵੇਗੀ ਅਤੇ 2 ਫਰਵਰੀ ਸੋਮਵਾਰ ਨੂੰ ਗੁਰੂ ਕਾ ਅਤੁੱਟ ਲੰਗਰ ਵਰਤਾਇਆ ਜਾਵੇਗਾ। ਮੀਟਿੰਗ ਵਿੱਚ ਹੋਰਨਾ ਤੋਂ ਇਲਾਵਾ ਨਰਿੰਦਰ ਕੁਮਾਰ ਰਾਠੌਰ, ਦਵਿੰਦਰ ਲਾਖਟੀਆ, ਹੁਕਮ ਚੰਦ ਬੀ.ਏ., ਮੋਹਨ ਲਾਲ, ਪ੍ਰਵੀਨ ਅਰੋਧਿਆ, ਨਿਰੰਜਣ ਦਾਸ, ਰਾਮ ਚੰਦ ਕਟਾਰੀਆ, ਰਵਿੰਦਰ ਕੁਮਾਰ ਖਿੱਚੀ, ਬੇਘਰਾਜ, ਜਸਵੰਤ ਬੀਰਾ, ਡਾ. ਸੰਨੀ ਸਰੋਹੀ, ਮੱਖਣ ਮਾਂਡੀਆ, ਰਾਜ ਕੁਮਾਰ ਕੌਂਚਰ, ਬਨਵਾਰੀ ਲਾਲ ਚੋਪੜਾ, ਚੁੰਨੀ ਲਾਲ ਮੌੜ, ਓਮ ਪ੍ਰਕਾਸ਼ ਗੋਠਵਾਲ, ਬਰਜਿੰਦਰ ਮਹਿਰਾ, ਸੰਦੀਪ ਭੰਡਾਰੀ, ਪਿਆਰੇ ਲਾਲ ਖਿੱਚੀ, ਬਨਵਾਰੀ ਲਾਲ, ਭਗਵਾਨ ਦਾਸ, ਪ੍ਰਭ ਦਿਆਲ ਫੌਜ਼ੀ, ਦੇਸਰਾਜ ਬੀਰਾ, ਸੂਰਜ ਭਾਨ ਬਿੱਲਾ, ਸੁਭਾਸ਼ ਕੁਮਾਰ (ਰਿੰਕੂ), ਸੁਖਦੇਵ ਸਿੰਘ ਮੜ੍ਹਾਕ, ਬਿਸ਼ਨ ਦਾਸ ਮਾਂਡੀਆ, ਸੁਰਿੰਦਰ ਕੁਮਾਰ ਕੋਸ਼ੀ, ਬਸੰਤ ਕੁਮਾਰ (ਰਿਟਾ. ਮੈਨੇਜਰ), ਹੰਸ ਰਾਜ ਜਲੰਧਰੀਆ, ਨਰਿੰਦਰ ਕੁਮਾਰ (ਡੀਸੀ), ਬਲਜਿੰਦਰ ਕੁਮਾਰ, ਦਲੀਪ ਕੁਮਾਰ ਅਤੇ ਸ਼੍ਰੀ ਗੁਰੂ ਰਵਿਦਾਸ ਨਗਰ, ਗੁਰੂ ਨਾਨਕ ਨਗਰ ਹਰੀ ਨੌਂ ਰੋਡ, ਨਿਰਮਾਣਪੁਰਾ ਮੁਹੱਲਾ, ਮੁਹੱਲਾ ਸੁਰਗਾਪੁਰੀ, ਭਾਈ ਸੰਗਤ ਸਿੰਘ ਨਗਰ, ਰਿਸ਼ੀ ਨਗਰ, ਕ੍ਰਿਸ਼ਨਾ ਨਗਰ ਜਲਾਲੇਆਣਾ ਰੋਡ ਸ਼੍ਰੀ ਗੁਰੂ ਰਵਿਦਾਸ ਮੰਦਿਰਾਂ ਦੇ ਅਹੁੱਦੇਦਾਰ ਅਤੇ ਮੈਂਬਰਾਨ ਆਦਿ ਵੀ ਹਾਜ਼ਰ ਸਨ।

## ਰੱਬ ਦੀ ਦਾਤ

ਲੋਹੜੀ ਪੁੱਤਾਂ ਦੀ ਪਾਓ ਤੁਸੀਂ ਜੀ ਸਦਕੇ,
ਐਪਰ ਲੋਹੜੀ ਧੀਆਂ ਦੀ ਵੀ ਪਾਓ ਮਿੱਤਰੋ।

ਧੀਆਂ ਬਿਨਾਂ ਵੰਸ਼ ਨਹੀਂ ਚਲ ਸਕਦਾ,
ਇਸ ਸੱਚਾਈ ਤੋਂ ਮੂੰਹ ਨਾ ਘੁੰਮਾਓ ਮਿੱਤਰੋ।

ਧੀਆਂ ਤੁਹਾਡੇ ਪਿਆਰ ਦੀਆਂ ਹੱਕਦਾਰ ਨੇ,
ਪੁੱਤਾਂ ਵਾਂਗ ਇਨ੍ਹਾਂ ਨੂੰ ਗਲ਼ ਲਾਓ ਮਿੱਤਰੋ।


ਪੁੱਤ ਹੁੰਦੇ ਸਹਾਰਾ ਬੁੱਢੇ ਮਾਪਿਆਂ ਦਾ,
ਇਕ ਵਾਰ ਧੀਆਂ ਨੂੰ ਵੀ ਅਜ਼ਮਾਓ ਮਿੱਤਰੋ।

ਸਮਾਂ ਬੜੀ ਤੇਜ਼ੀ ਨਾਲ ਬਦਲ ਰਿਹਾ ਹੈ,
ਤੁਸੀਂ ਵੀ ਸਮੇਂ ਦੇ ਨਾਲ ਬਦਲ ਜਾਓ ਮਿੱਤਰੋ।

ਗੁਰੂ ਨਾਨਕ ਵੀ ਧੀਆਂ ਦੇ ਹੱਕ ’ਚ ਬੋਲੇ ਸਨ,
ਤੁਸੀਂ ਵੀ ਮਾੜੀ ਸੋਚ ਤੋਂ ਪਿੱਛਾ ਛਡਾਓ ਮਿੱਤਰੋ।


ਧੀਆਂ ਨੂੰ ਪੈਰਾਂ ਦੀ ਧੂੜ ਨਾ ਸਮਝੋ ਹੁਣ,
ਇਨ੍ਹਾਂ ਨੂੰ ਪੁੱਤਾਂ ਦੇ ਵਾਂਗ ਪੜ੍ਹਾਓ ਮਿੱਤਰੋ।

ਪੁੱਤਾਂ ਵਾਂਗ ਧੀਆਂ ਵੀ ਰੱਬ ਦੀ ਦਾਤ ਨੇ,
ਧੀਆਂ ਹੋਣ ਤੇ ਮੱਥੇ ਵੱਟ ਨਾ ਪਾਓ ਮਿੱਤਰੋ।




ਵਰਲਡ ਪੰਜਾਬੀ ਟਾਈਮਜ਼ — ਮਹਿੰਦਰ ਸਿੰਘ ਮਾਨ

# 'ਸਿੱਕਮ ਦਾ ਇੱਕ ਬਰਸਾਤੀ ਦਿਨ' ਪੁਸਤਕ ਭਾਰਤ ਦਾ ਬਹੁ-ਸਭਿਆਚਾਰਕ ਸਰੂਪ










ਨਿਰੰਜਣ ਸਿੰਘ ਸੈਲਾਨੀ ਜ਼ਮੀਨੀ ਹਕੀਕਤਾਂ ਦਾ ਵਰਣਨ ਕਰਨ ਵਾਲਾ ਲੇਖਕ ਹੈ। ਉਸ ਦੀਆਂ ਹੁਣ ਤੱਕ 32 ਪੁਸਤਕਾਂ, ਜਿਨ੍ਹਾਂ ਵਿੱਚ 12 ਮੌਲਿਕ, 20 ਅਨੁਵਾਦਿਤ/ਸਾਂਝੇ ਸੰਗ੍ਰਹਿ ਪੰਜਾਬੀ ਤੇ ਹਿੰਦੀ ਦੇ ਸ਼ਾਮਲ ਹਨ। ਚਰਚਾ ਅਧੀਨ ਉਸਦਾ ਹਿੰਦੀ ਤੋਂ ਪੰਜਾਬੀ ਵਿੱਚ ਅਨੁਵਾਦਿਤ ਲੇਖ/ਕਹਾਣੀ ਸੰਗ੍ਰਹਿ 'ਸਿੱਕਮ ਦਾ ਇੱਕ ਬਰਸਾਤੀ ਦਿਨ' ਭਾਰਤ ਦੇ ਬਹੁ-ਰੰਗੀ, ਬਹੁ-ਭਾਸ਼ਾਈ ਬਹੁ-ਸਭਿਆਚਾਰਕ ਰੂਪਾਂ ਦਾ ਪ੍ਰਗਟਾਵਾ ਕਰਦਾ ਹੈ। ਇਸ ਲੇਖ /ਕਹਾਣੀ ਸੰਗ੍ਰਹਿ ਵਿੱਚ ਹਿੰਦੀ ਦੀ ਲੇਖਕ ਨੀਲਮ ਕੁਲਸ਼ਰੇਸ਼ਥਾ ਦੀਆਂ 12 ਕਹਾਣੀਆਂ/ਲੇਖਾਂ ਦਾ ਪੰਜਾਬੀ ਰੂਪ ਆਮ ਬੋਲਚਾਲ ਵਾਲੀ ਮਲਵਈ ਭਾਸ਼ਾ ਵਿੱਚ ਕੀਤਾ ਗਿਆ ਹੈ। ਇਹ ਕਹਾਣੀਆਂ/ਲੇਖ ਮੁੱਖ ਤੌਰ ਤੇ ਭਾਰਤ ਦੇ ਬਹੁ-ਪੱਖੀ ਸਭਿਅਚਾਰ ਦੇ ਦ੍ਰਿਸ਼ਟਾਂਤਿਕ ਰੂਪ ਵਿੱਚ ਦਰਸ਼ਨ ਕਰਵਾਉਂਦੇ ਹਨ। ਭਾਵੇਂ ਇਹ ਕਹਾਣੀਆਂ/ਲੇਖ ਹਿੰਦੀ ਤੋਂ ਪੰਜਾਬੀ ਵਿੱਚ ਅਨੁਵਾਦ ਕੀਤੇ ਹੋਏ ਹਨ, ਪ੍ਰੰਤੂ ਮੌਲਿਕ ਲਗਦੇ ਹਨ। ਅਨੁਵਾਦਕ ਨੇ ਪੁਸਤਕ ਪ੍ਰਕਾਸ਼ਤ ਕਰਨ ਸਮੇਂ ਇਸਨੂੰ ਕਹਾਣੀ/ਲੇਖ ਸੰਗ੍ਰਹਿ ਨਹੀਂ ਲਿਖਿਆ। ਸਿਰਫ਼ 'ਸਿੱਕਮ ਦਾ ਇੱਕ ਬਰਸਾਤੀ ਦਿਨ' ਸਿਰਲੇਖ ਲਿਖਿਆ ਹੈ, ਪ੍ਰੰਤੂ ਪੁਸਤਕ ਦੇ ਅੰਦਰ 4 ਨੰਬਰ ਪੰਨੇ ਤੇ ਬਰੈਕਟ ਵਿੱਚ ਕਹਾਣੀ ਸੰਗ੍ਰਹਿ ਲਿਖ ਦਿੱਤਾ ਹੈ। ਸਾਰੀ ਪੁਸਤਕ ਪੜ੍ਹਨ ਤੋਂ ਬਾਅਦ ਇਹ ਮਹਿਸੂਸ ਹੁੰਦਾ ਹੈ ਕਿ ਇਹ ਦਸ ਲੇਖ ਹਿੰਦੀ ਲੇਖਿਕਾ ਨੀਲਮ ਕੁਲਸ਼ਰੇਸ਼ਥਾ ਦਾ ਸਫ਼ਰਨਾਮਾ ਹੈ, ਕਿਉਂਕਿ ਸਾਰੀ ਪੁਸਤਕ ਵਿੱਚ ਵੱਖ-ਵੱਖ ਥਾਵਾਂ ਦੀ ਯਾਤਰਾ ਦਾ ਜ਼ਿਕਰ ਆਉਂਦਾ ਹੈ। ਪਹਿਲੇ ਤਿੰਨ ਲੇਖ ਰੇਲ ਯਾਤਰਾ ਨਾਲ ਸੰਬੰਧਤ ਹਨ। ਪਹਿਲਾ ਲੇਖ /ਕਹਾਣੀ 'ਬੇਮਿਸਾਲ ਭਾਰਤ' ਰੇਲ ਗੱਡੀਆਂ, ਬਸਾਂ, ਹੋਰ ਆਵਾਜਾਈ ਦੇ ਸਾਧਨਾ ਵਿੱਚ ਸਫਰ ਕਰਨ ਸਮੇਂ ਲੋਕਾਂ ਵੱਲੋਂ ਕੀਤੇ ਜਾਂਦੇ ਵਿਵਹਾਰ ਦੀ ਤਸਵੀਰ ਵਿਖਾਈ ਗਈ ਹੈ। ਇੱਥੋਂ ਤੱਕ ਕਿ ਆਮ ਲੋਕਾਂ ਅਤੇ ਆਧੁਨਿਕਤਾ ਦੇ ਨਾਮ ਤੇ ਮਟਰਗਸ਼ਤੀਆਂ ਕਰਨ ਵਾਲੇ ਮੁੰਡੇ/ਕੁੜੀਆਂ ਦੀ ਬੋਲ- ਚਾਲ ਅਤੇ ਖਾਸ ਤੌਰ 'ਤੇ ਕੁੜੀਆਂ ਦੇ ਪਬਲਿਕ ਦੇ ਸਾਹਮਣੇ ਸਿਗਰਟਾ ਪੀਣ ਬਾਰੇ ਵੀ ਦੱਸਿਆ ਗਿਆ ਹੈ। ਇਹ ਵੀ ਦਰਸਾਇਆ ਗਿਆ ਹੈ ਕਿ ਭਾਰਤ ਵਿੱਚ ਲੋਕ ਕਿਵੇਂ ਇੱਕ ਦੂਜੇ ਦੇ ਹਿਤਾਂ ਦਾ ਧਿਆਨ ਰੱਖਦੇ ਹਨ। ਦੂਜੀ ਕਹਾਣੀ/ਲੇਖ 'ਛਿੱਟਿਆਂ ਦਾ ਅਕਸ' ਵਿੱਚ ਲੋਕਾਂ ਵੱਲੋਂ ਕਿਸੇ ਦੂਜੇ ਦੇ ਦੁੱਖ ਨੂੰ ਮਹਿਸੂਸ ਨਾ ਕਰਨ ਦੀ ਤ੍ਰਾਸਦੀ ਬਾਰੇ ਦੱਸਿਆ ਗਿਆ ਹੈ। ਭਾਵ ਲੋਕਾਂ ਨੂੰ ਆਪੋ ਆਪਣੀ ਪਈ ਹੋਈ ਹੈ, 'ਕੋਈ ਮਰੇ ਕੋਈ ਜੀਵੇ, ਖੁਸਰਾ ਘੋਲ ਪਤਾਸੇ ਪੀਵੇ'। ਤੀਜੀ ਕਹਾਣੀ/ਲੇਖ 'ਆਮ ਔਰਤ ਦੀ ਆਮ ਡੱਬੇ ਵਿੱਚ ਯਾਤਰਾ' ਰੇਲ ਗੱਡੀਆਂ ਵਿੱਚ ਸੀਟਾਂ ਲੈਣ ਲਈ ਭ੍ਰਿਸ਼ਟਾਚਾਰ ਦੇ ਬੋਲਬਾਲੇ ਦੀ ਜਾਣਕਾਰੀ ਦਿੱਤੀ ਗਈ ਹੈ। ਮਸ਼ਟੰਡੇ ਰੇਲਵੇ ਦੇ ਮੁਲਾਜ਼ਮਾ ਅਤੇ ਪੁਲਿਸ ਦੀ ਮਿਲੀ ਭੁਗਤ ਨਾਲ ਗ਼ੈਰਕਾਨੂੰਨੀ ਢੰਗ ਨਾਲ ਪੈਸੇ ਉਗਰਾਹੁੰਦੇ ਹਨ। ਨੌਜਵਾਨ ਕੋਈ ਕੰਮ ਕਰਨ ਨੂੰ ਤਿਆਰ ਹੀ ਨਹੀਂ। ਲੋਕ ਚੁੱਪ ਕਰਕੇ ਸਾਰਾ ਕੁੱਝ ਬਰਦਾਸ਼ਤ ਕਰਦੇ ਰਹਿੰਦੇ ਹਨ। ਚੌਥੀ ਕਹਾਣੀ/ਲੇਖ 'ਰੈਸਕਿਊ' ਵਿੱਚ ਦਰਸਾਇਆ ਕਿ ਹੈ ਕਿ 'ਓਕਈ' ਡੈਮ ਵਿੱਚੋਂ ਪਾਣੀ ਛੱਡਣ ਨਾਲ ਤਾਪੀ ਨਦੀ ਵਿੱਚ ਹੜ ਆ ਗਿਆ, ਜਿਸਦੇ ਸਿੱਟੇ ਵਜੋਂ ਸੂਰਤ ਸ਼ਹਿਰ ਪਾਣੀ ਵਿੱਚ ਡੁੱਬ ਗਿਆ, ਅਨੇਕਾਂ ਲੋਕ ਤੇ ਪਸ਼ੂ ਮਾਰੇ ਗਏ ਆਮ ਲੋਕਾਂ ਦਾ ਕਿਸੇ ਨੂੰ ਫ਼ਿਕਰ ਨਹੀਂ, ਕੁਝ ਖਾਸ ਬੰਦਿਆਂ ਦੇ ਬਚਾਓ ਲਈ ਸਿਫ਼ਾਰਸ਼ਾਂ ਨਾਲ ਪ੍ਰਬੰਧ ਕੀਤਾ ਜਾਂਦਾ ਹੈ। ਇਹ ਭਾਰਤੀਆਂ ਦੀ ਮਾਨਸਿਕਤਾ ਦਾ ਪ੍ਰਗਟਾਵਾ ਹੈ। ਪੰਜਵੀਂ ਕਹਾਣੀ/ਲੇਖ 'ਸਿੱਕਮ ਦਾ ਇੱਕ ਬਰਸਾਤੀ ਦਿਨ' ਕਹਾਣੀ/ਲੇਖ ਵਿੱਚ ਸਿੱਕਮ ਦੇ ਸੁੰਦਰ ਦ੍ਰਿਸ਼ਾਂ, ਸੈਰ ਸਪਾਟਾ ਵਾਲੇ ਥਾਵਾਂ, ਸਭਿਆਚਾਰ, ਲੋਕਾਂ ਦੇ ਰਹਿਣ-ਸਹਿਣ, ਵਿਓਪਾਰ ਤੇ ਗ਼ਰੀਬੀ ਬਾਰੇ ਦਰਸਾਇਆ ਗਿਆ ਹੈ। ਉਹ ਲੋਕ ਭਾਰਤ ਵਿੱਚ ਸ਼ਾਮਲ ਹੋਣ ਨੂੰ ਬਿਹਤਰੀਨ ਮੰਨਦੇ ਹਨ, ਉਸਤੋਂ ਬਾਅਦ ਸਿੱਕਮ ਦਾ ਵਿਕਾਸ ਹੋਇਆ ਹੈ। ਛੇਵੀਂ ਕਹਾਣੀ/ਲੇਖ 'ਕਸ਼ਿਸ਼ ਦਾ ਕਮਾਲ' ਬਹੁਤ ਹੀ ਦਿਲਚਸਪ ਬਿਰਤਾਂਤ ਹੈ, ਜਿਸ ਵਿੱਚ ਭਾਰਤੀ ਲੜਕੇ/ਲੜਕੀਆਂ ਵਿੱਚ ਵਿਆਹ ਨਾ ਕਰਵਾਉਣ ਦੀ ਭਾਵਨਾ ਦਾ ਪ੍ਰਗਟਾਵਾ ਕੀਤਾ ਗਿਆ ਹੈ, ਪ੍ਰੰਤੂ ਦੋਹਾਂ ਵਿੱਚ ਰੁਮਾਂਟਿਕ ਭਾਵਨਾਵਾਂ ਮੌਜੂਦ ਹੁੰਦੀਆਂ ਹਨ, ਜਿਹੜੀਆਂ ਉਨ੍ਹਾਂ ਨੂੰ ਨਾ ਚਾਹੁੰਦਿਆਂ ਵੀ ਇੱਕ ਦੂਜੇ ਦੀ ਖਿੱਚ ਲਈ ਪ੍ਰੇਰਿਤ ਕਰਦੀਆਂ ਰਹਿੰਦੀਆਂ ਹਨ। ਇਸ ਕਹਾਣੀ ਵਿੱਚ ਇਹ ਵੀ ਦਰਸਾਇਆ ਗਿਆ ਹੈ, ਭਾਰਤੀ ਮਰਦ ਤੇ ਇਸਤਰੀਆਂ ਆਪਣੀ ਜ਼ਿੰਦਗੀ ਦਾ ਖੁਲ੍ਹਕੇ ਆਨੰਦ ਵੀ ਲੈ ਨਹੀਂ ਸਕਦੇ, ਜਦੋਂ ਕਿ ਗੋਰੇ ਲੋਕ ਹਰ ਉਮਰ ਵਿੱਚ ਜ਼ਿੰਦਗੀ ਮਾਣਦੇ ਹਨ। ਭਾਰਤੀ ਇਸਤਰੀਆਂ ਆਪਣੇ ਪਤੀਆਂ ਤੇ ਇਹੋ ਨਿਗਾਹ ਰੱਖਦੀਆਂ ਹਨ ਕਿ ਉਹ ਕਿਸੇ ਦੂਜੀ ਔਰਤ ਦੇ ਚੱਕਰ ਵਿੱਚ ਨਾ ਫਸੇ। ਵੱਡੀਆਂ ਕੰਪਨੀਆਂ ਆਪਣੇ ਵਿਓਪਾਰ ਨੂੰ ਪ੍ਰਫੁਲਤ ਕਰਨ ਲਈ ਹਰ ਹੀਲਾ ਵਰਤਦੇ ਹੋਏ ਕਾਨਫ਼ਰੰਸਾਂ ਦੇ ਬਹਾਨੇ ਆਪਣੇ ਕਰਮਚਾਰੀਆਂ ਨੂੰ ਵੱਡੇ ਹੋਟਲਾਂ ਵਿੱਚ ਕਾਨਫ਼ਰੰਸਾਂ ਆਯੋਜਤ ਕਰਕੇ ਸੈਰ ਸਪਾਟਾ ਦੀਆਂ ਸਹੂਲਤਾਂ ਦੇ ਕੇ ਉਤਸ਼ਾਹਤ ਕਰਦੇ ਹਨ ਤਾਂ ਜੋ ਉਨ੍ਹਾਂ ਦਾ ਵਿਓਪਾਰ ਵੱਧ ਸਕੇ। ਸੱਤਵੀਂ ਕਹਾਣੀ/ਲੇਖ 'ਸਫ਼ੈਦ ਪੱਥਰਾਂ 'ਚ ਅਟਕੀ ਜਾਨ. . .ਰਣ ਦਾ ਵੱਛੜਾ-ਦਾਦਾ' ਵਿੱਚ ਗੁਜਰਾਤ ਦੇ ਮਾਰੂਥਲ ਪਥਰੀਲੇ ਇਲਾਕੇ ਦੀ ਦਾਸਤਾਂ ਹੈ ਤੇ 'ਵੱਛੜਾ ਦਾਦਾ' ਮੰਦਰ ਦੀ ਮਿਥ ਦੀ ਕਹਾਣੀ ਹੈ, ਅਰਥਾਤ ਧਾਰਮਿਕ ਆਸਥਾ ਭਾਰਤੀਆਂ ਵਿੱਚ ਜ਼ਿਆਦਾ ਹੈ ਕਿ ਉਥੋਂ ਸੁੱਖਾਂ ਪੂਰੀਆਂ ਹੁੰਦੀਆਂ ਹਨ। ਉਥੋਂ ਦੇ ਗ਼ਰੀਬ ਲੋਕਾਂ ਦੀ ਤ੍ਰਾਸਦੀ ਵੀ ਦਰਸਾਈ ਗਈ ਹੈ। ਅੱਠਵੀਂ ਕਹਾਣੀ/ਲੇਖ 'ਜੰਨਤ ਦੀ ਮੁਸਕਾਨ ਸਿਰਫ਼ ਸੱਤ ਲੱਖ ਰੁਪਏ' ਵਿੱਚ ਜੰਮੂ ਕਸ਼ਮੀਰ ਦੀ ਅਸਥਿਰਤਾ ਬਾਰੇ ਹੈ, ਜਿਥੇ ਪੰਡਤਾਂ ਦੇ ਕਤਲ ਆਮ ਹੁੰਦੇ ਰਹਿੰਦੇ ਹਨ। ਸਥਾਨਕ ਲੋਕ ਅਤਿਵਾਦੀਆਂ ਅਤੇ ਸਰਕਾਰੀ ਤੰਤਰ ਦੀਆਂ ਜ਼ਿਆਦਤੀਆਂ ਦੇ ਤੰਗ ਕੀਤੇ ਹੋਏ ਦਰਸਾਏ ਹਨ। ਔਰਤਾਂ ਹਰ ਵਰਗ ਦੀਆਂ ਗੁਲਾਮ ਹਨ, ਸਕੂਲ ਬੰਦ ਕਰ ਦਿੱਤੇ ਜਾਂਦੇ ਸਨ/ਡਰਦੇ ਅਧਿਆਪਕ ਛੱਡ ਜਾਂਦੇ/ਮਾਰ ਦਿੱਤੇ ਜਾਂਦੇ ਹਨ। ਅਮੀਰ ਲੋਕ ਆਪਣੇ ਬੱਚਿਆਂ ਨੂੰ ਜੰਮੂ ਕਸ਼ਮੀਰ ਤੋਂ ਬਾਹਰ ਦਾਖ਼ਲ ਕਰਵਾਕੇ ਪੜ੍ਹਾਈ ਕਰਵਾਉਂਦੇ ਹਨ। ਨੌਂਵਾਂ 'ਪੂਨਾ-ਪਲਟ' ਵਿੱਚ ਲੇਖਕ ਇੱਕ ਖਾਂਦੇ ਪੀਂਦੇ ਪਰਿਵਾਰ ਦੇ ਇੱਕ ਵਿਅਕਤੀ ਨੂੰ ਪੂਨਾ-ਪਲਟ ਕਹਿੰਦਾ ਹੈ, ਜਿਹੜਾ ਐਕਟਰ ਬਣਨ ਦੇ ਜਨੂਨ ਕਰਕੇ ਸਾਰੀ ਉਮਰ ਐਕਟਰ ਬਣਨ ਦੀ ਕੋਸ਼ਿਸ਼ ਵਿੱਚ ਅਸਫਲ ਹੁੰਦਾ ਹੈ। ਪਰਿਵਾਰ ਦੀਆਂ ਦੋ ਭੈਣਾਂ ਦਾ ਇਕਲੌਤਾ ਭਰਾ ਵਿਆਹ ਵੀ ਐਕਟਰ ਬਣਨ ਤੋਂ ਬਾਅਦ ਕਰਵਾਉਣ ਦੇ ਸਪਨਿਆਂ ਵਿੱਚ ਹੀ ਖੋਇਆ ਰਹਿੰਦਾ ਹੈ। ਅਖ਼ੀਰ ਭਗਵੇਂ ਕਪੜੇ ਪਾ ਕੇ ਪਾਠ ਪੂਜਾ ਦੇ ਚਕਰ ਵਿੱਚ ਫਸ ਜਾਂਦਾ ਹੈ। ਮਾਤਾ ਪਿਤਾ ਦੀ ਸਾਰੀ ਜਾਇਦਾਦ ਇਸੇ ਚਕਰ ਵਿੱਚ ਗੁਆ ਦਿੰਦਾ ਹੈ। ਫਿਲਮਾ ਅਤੇ ਬਿਗ ਬਾਸ ਵਰਗੇ ਸ਼ੋਅ ਨੂੰ ਸ਼ੋਸ਼ੇ ਕਿਹਾ ਜਾਂਦਾ ਹੈ। ਨੌਜਵਾਨ ਇਨ੍ਹਾਂ ਸ਼ੋਅ ਪਿਛੇ ਪਾਗਲ ਹੋਏ ਰਹਿੰਦੇ ਹਨ। ਔਰਤਾਂ ਗਹਿਣੇ ਅਤੇ ਕਪੜਿਆਂ ਵਿੱਚ ਹੀ ਉਲਝੀਆਂ ਰਹਿੰਦੀਆਂ ਹਨ। ਇਹ ਰੋਜ਼ਗਾਰ ਮਨੁੱਖਾਂ ਨੂੰ ਖਾਣ ਵਾਲਾ ਬਣ ਗਿਆ ਹੈ, ਭਾਵ ਨੌਜਵਾਨ ਐਕਟਰ ਬਣਨ ਦੇ ਚੱਕਰ ਵਿੱਚ ਹੀ ਵਕਤ ਗੁਆ ਦਿੰਦੇ ਹਨ। ਦਸਵਾਂ ਨਾਕਾਬੰਦੀ' ਲੇਖ/ਕਹਾਣੀ ਵਿੱਚ ਵਿਆਹੁਦਾ ਜ਼ਿੰਦਗੀ ਦੇ ਦੁੱਖਾਂ ਅਤੇ ਸੁੱਖਾਂ ਦਾ ਵਰਣਨ ਹੈ, ਜਿਸ ਵਿੱਚ ਦਰਸਾਇਆ ਗਿਆ ਹੈ, ਮਰਦ ਅਤੇ ਔਰਤ ਦੋਵੇਂ ਇੱਕ ਦੂਜੇ ਦੀ ਨਾਕਾਬੰਦੀ ਕਰਦੇ ਹਨ। ਔਰਤਾਂ ਨੂੰ ਜਦੋਂ ਵੀ ਸਮਾਂ ਮਿਲਦਾ ਹੈ, ਉਹ ਆਪਣੇ ਮਰਦਾਂ ਦੀ ਬਦਖੋਈ ਚੁਗਲੀਆਂ ਕਰਕੇ ਕਰਦੀਆਂ ਹੋਈਆਂ ਮਨ ਪਰਚਾਵਾ ਕਰਦੀਆਂ ਰਹਿੰਦੀਆਂ ਹਨ। ਵਿਆਹ ਬੰਧਨ ਨੂੰ ਆਪਣੀ ਮਜ਼ਬੂਰੀ ਦਸਦੀਆਂ ਹਨ। ਉਹ ਆਪਣੇ ਮਰਦਾਂ ਨੂੰ ਦੂਜੀਆਂ ਔਰਤਾਂ ਦੇ ਆਸ਼ਕ ਸਮਝਦੀਆਂ ਰਹਿੰਦੀਆਂ ਹਨ।

**124 ਪੰਨਿਆਂ 250 ਰੁਪਏ ਕੀਮਤ ਵਾਲਾ ਇਹ ਕਾਵਿ ਸੰਗ੍ਰਹਿ ਸ਼ਬਦਾਂਜ਼ਲੀ** ਪਬਲੀਕੇਸ਼ਨਜ਼ ਪਟਿਆਲਾ ਨੇ ਪ੍ਰਕਾਸ਼ਤ ਕੀਤਾ ਹੈ।

ਸੰਪਰਕ ਨਿਰੰਜਣ ਸਿੰਘ ਸੈਲਾਨੀ : 9876228703